# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

## ਸਮਕਾਲੀ ਹਾਲਾਤ ਤੇ ਇਕ ਰਾਜਸੀ ਨਾਟਕ

1979 ਤੋਂ ਲੈ ਕੇ 1993 ਤਕ ਪੰਜਾਬ ਨੇ ਇਕ ਸੰਤਾਪ ਭੋਗਿਆ ਹੈ। ਸਿੱਖ ਨਿਰੰਕਾਰੀ ਵਿਵਾਦ, ਧਰਮ ਯੁੱਧ ਮੋਰਚਾ, ਮੰਜੀ ਸਾਹਿਬ ਦੇ ਦੀਵਾਨਾਂ ਵਿਚ ਸੰਤ ਭਿੰਡਰਾਂਵਾਲਾ ਦੇ ਭਾਸ਼ਨ, ਪਿੰਡਾਂ ਵਿਚ ਹਿੰਦੂ ਵਸੋਂ ਦਹਿਸ਼ਤਗਰਦੀ ਦਾ ਸ਼ਿਕਾਰ, ਹਿੰਦੂ ਵਸੋਂ ਦੀ ਹਿਜ਼ਰਤ, ਓਪਰੇਸ਼ਨ ਨੀਲਾ ਤਾਰਾ, ਸਿੱਖ ਵਸੋਂ ਹਕੂਮਤੀ ਦਹਿਸ਼ਤਗਰਦੀ ਦੀ ਸ਼ਿਕਾਰ, ਇੰਦਰਾ ਗਾਂਧੀ ਦਾ ਕਤਲ, ਬਾਕੀ ਭਾਰਤ ਵਿਚ ਸਿੱਖਾਂ ਦਾ ਕਤਲ, ਰਾਜੀਵ-ਲੌਂਗੋਵਾਲ ਸਮਝੌਤਾ, ਬਰਨਾਲਾ ਸਰਕਾਰ ਦੀ ਸਥਾਪਤੀ ਅਤੇ ਬਰਖਾਸਤਗੀ, ਗਵਰਨਰੀ ਰਾਜ, ਵੱਡੇ ਪੈਮਾਨੇ 'ਤੇ ਫਿਰੌਤੀਆਂ ਅਤੇ ਕਤਲ, ਪੁਲੀਸ ਜਬਰ ਅਤੇ ਪੁਲੀਸ ਫੋਰਸ ਵਲੋਂ ਅੰਤਿਮ ਕਾਰਵਾਈ। ਇਹ ਸਭ ਭਾਵੇਂ ਇਤਿਹਾਸ ਦਾ ਹਿੱਸਾ ਬਣ ਗਏ ਹਨ ਪਰ ਫਿਰ ਵੀ ਇਹ ਸਮਕਾਲੀ ਸਥਿਤੀ ਹਨ ਅਤੇ ਬੜੀ ਕੌੜੀ ਯਾਦ ਹਨ ਕਿਉਂਕਿ 30,000 ਦੇ ਕਰੀਬ ਪੰਜਾਬ ਦੇ ਲੋਕ ਇਸ ਸੰਤਾਪ ਵਿਚ ਮਾਰੇ ਗਏ ਹਨ ਅਤੇ ਹਜ਼ਾਰਾਂ ਹਾਲੀਂ ਵੀ ਜੇਲ੍ਹ ਵਿਚ ਬੰਦ ਹਨ। ਇਸ ਇਤਿਹਾਸ ਬਾਰੇ ਕੋਈ ਵੀ ਨਾਟਕ ਲਿਖਣਾ ਇਕ ਚੁਣੌਤੀ ਹੈ, ਕਿਉਂਕਿ ਲੇਖਕ ਲਈ ਜ਼ਰੂਰੀ ਹੈ ਕਿ ਉਹ ਆਪਣੀ ਇਕ ਰਾਏ ਬਣਾਏ ਅਤੇ ਉਸ ਰਾਏ ਨੂੰ ਨਾਟਕ ਵਿਚ ਪੇਸ਼ ਕਰੇ। ਨਾਟਕ 'ਕਾਮਰੇਡ' ਇਸ ਦੀ ਇਕ ਮਿਸਾਲ ਹੈ ਜੋ ਮਾਰਕਸੀ ਪਾਰਟੀ ਦੀ ਚੰਡੀਗੜ੍ਹ ਵਿਚ ਹੋ ਰਹੀ 15ਵੀਂ ਕਾਂਗਰਸ ਦੇ ਸਭਿਆਚਾਰਕ ਪ੍ਰੋਗਰਾਮਾਂ ਦੇ ਸਿਲਸਿਲੇ ਵਿਚ ਪੇਸ਼ ਕੀਤਾ ਗਿਆ। ਇਹ ਨਾਟਕ ਕਾਮਰੇਡ ਦੀਪਕ ਧਵਨ ਦੀ ਯਾਦ ਨੂੰ ਸਮਰਪਿਤ ਹੈ, ਜੋ 1988 ਵਿਚ ਅਤਿਵਾਦੀਆਂ ਦੇ ਹੱਥੋਂ ਮਾਰਿਆ ਗਿਆ ਸੀ। ਇਹ ਨਾਟਕ ਪੂਰੀ ਸ਼ਿੱਦਤ ਨਾਲ ਉਨ੍ਹਾਂ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਪੰਜਾਬ ਦੇ ਸੰਤਾਪ ਦੀਆਂ ਜ਼ਿੰਮੇਵਾਰ ਹਨ। ਨਾਟਕ ਵਿਚ ਇਕ ਘਟਨਾ ਆਉਂਦੀ ਹੈ ਜਦੋਂ ਅਤਿਵਾਦੀ ਰਾਤ ਦੇ ਹਨੇਰੇ ਵਿਚ ਇਕ ਘਰ ਜਾਂਦੇ ਹਨ। ਉਸ ਘਰ ਤੋਂ ਰੋਟੀ ਵੀ ਖਾਂਦੇ ਹਨ ਅਤੇ ਘਰ ਦੀ ਇੱਜ਼ਤ ਉਤੇ ਵੀ ਹੱਥ ਪਾਂਦੇ ਹਨ। ਪੁਲੀਸ ਇੰਸਪੈਕਟਰ ਨਾਲ ਬਹਿਸ ਕਰਕੇ ਕਾਮਰੇਡ ਦੀਪਕ ਇਹ ਕਹਿੰਦਾ ਹੈ ਕਿ ਪੰਜਾਬ ਦੇ ਸੰਤਾਪ ਦੀ ਜ਼ਿੰਮੇਵਾਰ ਇਕ ਉਹ ਧਿਰ ਹੈ, ਜੋ ਰਾਤ ਦੇ ਹਨੇਰੇ ਵਿਚ ਧਾਰਮਿਕ ਬਾਣੇ ਵਿਚ ਕੁਕਰਮ ਕਰਦੀ ਹੈ ਅਤੇ ਦੂਜੀ ਉਹ ਧਿਰ ਹੈ, ਜੋ ਦਿਨ ਦੇ ਚਾਨਣ ਵਿਚ ਖਾਕੀ ਵਰਦੀ ਪਾਈ ਉਹ ਕੁਕਰਮ ਦੁਹਰਾਂਦੀ ਹੈ। ਪੰਜਾਬ ਸਾਰਾ ਦਹਿਸ਼ਤਿਆਇਆ ਗਿਆ ਹੈ, ਉਹ ਚੁੱਪ ਹੈ, ਉਹ ਪੀੜਤ ਹੈ, ਉਹ ਦੁਖੀ ਹੈ। ਆਉਣ ਵਾਲੀਆਂ ਪੀੜ੍ਹੀਆਂ ਅੱਗੇ ਇਹ ਦੋਵੇਂ ਧਿਰਾਂ ਜਵਾਬਦੇਹ ਹਨ। ਕਿਸੇ ਸਾਹਿਤਕ ਕਿਰਤ ਦਾ ਇਕ ਉਦੇਸ਼ ਹੁੰਦਾ ਹੈ ਕਿ ਸਮਕਾਲੀ ਹਾਲਾਤ ਨੂੰ ਵਿਸ਼ਾ ਬਣਾ ਕੇ ਉਸ ਬਾਰੇ ਇਕ ਵਿਸ਼ੇਸ਼ ਰਾਏ ਦਿੱਤੀ ਜਾਏ। ਨਾਟਕ 'ਕਾਮਰੇਡ' ਇਸ ਉਦੇਸ਼ ਨੂੰ ਪੂਰਾ ਕਰਦਾ ਹੈ। ਇਹ ਜਿਥੇ ਦੀਪਕ ਧਵਨ ਨੂੰ ਸ਼ਰਧਾਂਜਲੀ ਹੈ, ਉਥੇ ਪੰਜਾਬ ਦੇ ਸੰਤਾਪ ਬਾਰੇ ਇਕ ਸਪਸ਼ਟ ਰਾਏ ਵੀ ਪੇਸ਼ ਕਰਦਾ ਹੈ। ਮੂਲਵਾਦੀ ਸੋਚ ਨੂੰ ਇਸ ਨਾਟਕ ਵਿਚ ਕਾਲੀ ਸ਼ਕਤੀ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਦੀਪਕ ਧਵਨ ਦੇ ਕਤਲ ਨੂੰ ਸੂਰਜ ਦੇ ਕਤਲ ਦੀ ਕੋਸ਼ਿਸ਼ ਨਾਲ ਤੁਲਨਾ ਦਿੱਤੀ ਗਈ ਹੈ। ਸੰਤ ਰਾਮ ਉਦਾਸੀ ਦਾ ਗੀਤ, 'ਇਹ ਕਲਖਾਂ ਦੇ ਵਣਜਾਰਿਓ, ਚਾਨਣ ਕਦੇ ਹਰਿਆ ਨਹੀਂ, ਇਹ ਕਿਰਨਾਂ ਦੇ ਕਾਤਲੋ, ਸੂਰਜ ਕਦੇ ਮਰਿਆ ਨਹੀਂ' ਇਸ ਨਾਟਕ ਦਾ ਪ੍ਰੇਰਨਾ ਸਰੋਤ ਹੈ। ਨਾਟਕ ਚਰਚਾ ਦਾ ਵਿਸ਼ਾ ਬਣਿਆ ਹੈ, ਇਹੀ ਇਸ ਦੀ ਸਫਲਤਾ ਹੈ।

## ਲੱਚਰ ਗਾਇਕੀ ਵਿਰੁਧ ਪਬਲਿਕ ਹਿਤ ਮੁਕੱਦਮਾ

ਭਾਰਤੀ ਕਾਨੂੰਨ ਵਿਚ ਇਕ ਧਾਰਾ ਹੈ ਕਿ ਭਾਰਤ ਦਾ ਕੋਈ ਵੀ ਨਾਗਰਿਕ ਲੋਕ ਹਿਤਾਂ ਦੀ ਉਲੰਘਣਾ ਦੇ ਪ੍ਰਸੰਗ ਵਿਚ ਮੁਕੱਦਮਾ ਦਾਇਰ ਕਰ ਸਕਦਾ ਹੈ। ਚੰਡੀਗੜ੍ਹ ਦੇ ਇਕ ਵਿਅਕਤੀ ਸ੍ਰੀ ਅਜੈ ਨੇ 'ਸੂਟਾ ਇਸ਼ਕ ਦਾ' ਕੈਸੇਟ ਦੇ ਵਿਰੁਧ ਇਹ ਮੁਕੱਦਮਾ ਦਰਜ ਕਰਵਾਇਆ ਹੈ ਕਿ ਇਸ ਕੈਸੇਟ ਵਿਚ ਉਹ ਗੀਤ ਹਨ ਜਿਨ੍ਹਾਂ ਨੂੰ ਬਾਲੀ ਬਰਹੱਮ ਦੱਤ ਨੇ ਗਾਇਆ ਹੈ ਅਤੇ ਉਹ ਗੀਤ ਕਿਉਂਕਿ ਸਮਾਜ ਵਿਚ ਲੱਚਰਪੁਣੇ ਨੂੰ ਫੈਲਾਉਂਦੇ ਹਨ, ਇਸ ਲਈ ਇਨ੍ਹਾਂ 'ਤੇ ਰੋਕ ਲਗਾਈ ਜਾਏ। ਇਹ ਕੈਸੇਟ ਵੀਨਸ ਰਿਕਾਰਡ ਅਤੇ ਟੇਪ ਕੰਪਨੀ ਨੇ ਮਾਰਕੀਟ ਕੀਤੀ ਹੈ। ਕਾਬਲ ਜੱਜ ਗੁਰਮੀਤ ਸਿੰਘ ਬਾਨਿਆਨ ਨੇ ਕੰਪਨੀ ਨੂੰ ਨੋਟਿਸ ਭਿਜਵਾ ਦਿੱਤਾ ਹੈ ਕਿ ਇਸ ਮੁਕੱਦਮੇ ਦਾ ਫੈਸਲਾ ਹੋਣ ਤਕ ਇਸ ਕੈਸੇਟ ਦੀ ਵਿਕਰੀ ਨਾ ਕੀਤੀ ਜਾਵੇ। ਇਹ ਫੈਸਲਾ ਰਾਹ ਦੱਸੇਗਾ ਕਿ ਵਪਾਰਕ ਅਦਾਰਿਆਂ ਵਲੋਂ ਜੋ ਲੱਚਰ ਸਭਿਆਚਾਰ ਫੈਲਾਇਆ ਜਾ ਰਿਹਾ ਹੈ, ਉਸ 'ਤੇ ਕਿਸ ਤਰ੍ਹਾਂ ਰੋਕ ਲਾਈ ਜਾਵੇ। ਸ੍ਰੀ ਅਜੈ ਸਮਾਜਕ ਚੇਤਨਾ ਦੇ ਇਸ ਕਦਮ ਲਈ ਵਧਾਈ ਦੇ ਪਾਤਰ ਹਨ।

## ਜਦੋਂ ਨਾਟਕ ਸਿਰਫ ਨਾਟਕ ਨਹੀਂ ਰਹਿੰਦਾ

ਖਬਰ ਹੈ ਕਿ ਆਸਾਮ ਦੇ ਇਕ ਕਸਬੇ ਵਿਚ ਇਸਤਰੀ ਦਿਵਸ 'ਤੇ ਇਕ ਨੁੱਕੜ ਨਾਟਕ ਖੇਡਿਆ ਜਾ ਰਿਹਾ ਸੀ। ਉਸ ਵਿਚ ਇਕ ਝਾਕੀ ਸੀ ਜਦੋਂ ਇਕ ਸ਼ਰਾਬੀ ਪਤੀ ਆਪਣੀ ਪਤਨੀ ਨੂੰ ਕੁੱਟਦਾ ਹੈ, ਮਾਰਦਾ ਹੈ, ਇਹ ਝਾਕੀ ਇਸ ਸ਼ਿੱਦਤ ਨਾਲ ਖੇਡੀ ਗਈ ਕਿ ਦਰਸ਼ਕਾਂ ਵਿਚੋਂ ਕੁਝ ਦਰਸ਼ਕਾਂ ਨੇ ਉਠ ਕੇ ਸ਼ਰਾਬੀ ਪਤੀ ਨੂੰ ਫੜ ਲਿਆ ਤੇ ਉਸ ਦਾ ਕੁਟਾਪਾ ਸ਼ੁਰੂ ਕਰ ਦਿੱਤਾ। ਦੂਜੇ ਦਰਸ਼ਕਾਂ ਨੇ ਪਹਿਲੇ ਤਾਂ ਇਹ ਸਮਝਿਆ ਕਿ ਇਹ ਸਭ ਕੁਝ ਨਾਟਕ ਦਾ ਹੀ ਭਾਗ ਹੈ ਅਤੇ ਨਾਟਕ ਦੇ ਪਾਤਰ ਹੀ ਦਰਸ਼ਕਾਂ ਵਿਚ ਬੈਠੇ ਸਨ ਜੋ ਵਿਉਂਤ ਅਨੁਸਾਰ ਉਠ ਕੇ ਪਿੜ ਵਿਚ ਆ ਗਏ ਹਨ। ਪਰ ਜਦੋਂ ਲਹੂ ਲੁਹਾਣ ਸ਼ਰਾਬੀ ਪਤੀ ਬਚਾਓ, ਬਚਾਓ, ਕਹਿੰਦਾ ਨੱਸ ਖਲੋਤਾ ਤਾਂ ਅਸਲੀ ਗੱਲ ਪਤਾ ਲੱਗੀ। ਇਸ ਘਟਨਾ ਬਾਰੇ ਲੋਕਾਂ ਵਿਚ ਆਮ ਚਰਚਾ ਹੋਈ ਕਿ ਔਰਤਾਂ 'ਤੇ ਹੁੰਦੇ ਜ਼ੁਲਮ ਨੂੰ ਆਮ ਤੌਰ 'ਤੇ ਤਮਾਸ਼ਬੀਨਾਂ ਵਾਕੁਰ ਹੀ ਵੇਖਿਆ ਜਾਂਦਾ ਹੈ। ਲੋੜ ਹੈ ਕਿ ਇਸ ਦੇ ਵਿਰੁਧ ਸਰਗਰਮ ਮੁਦਾਖਲਤ ਕੀਤੀ ਜਾਵੇ। ਇਹ ਨਾਟਕੀ ਘਟਨਾ ਆਪਣੇ ਆਪ ਇਸ ਨਾਟਕ ਦੇ ਸੁਨੇਹੇ ਦਾ ਰੂਪ ਧਾਰ ਗਈ ਹੈ।